ਹੋਰ ਸੰਬਧਤ ਜਾਣਕਾਰੀ ਤੁਸੀ ਹੇਠ ਲਿਖੇ ਤਰੀਕਿਆਂ ਨਾਲ ਲੈ ਸਕਦੋਂ ਹੋ :

ਮੈਨੀਟੋਬਾ ਸਰਵੀਕਲ ਕੈਸਰ ਸਕਰੀਨਿਗ ਪਰੋਗਰਾਮ
5-25 Sherbrook St
Winnipeg, MB R3C 2B1
Toll free: 1-866-616-8805
204-788-8626

### ਕਤਾਬੀ ਨਿਸ਼ਾਨੀ

ਹਰ ਇਕ ਇਸਤਰੀ ਨੁ ਪੈਪ ਟੈਸਟ ਬਾਰੇ ਕੀ ਜਾਨਣ ਦੀ ਲੋੜਿ ਹੈ

### ਇਸ਼ਤਹਾਰ

ਰਜਿਸਟਰੀ - *ਤੱਤ ਤੇ ਜਾਣਕਾਰੀ*

ਐਚ ਪੀ ਵੀ: *ਹਰ ਇਕ ਬਦੇ ਨੂ ਐਚ ਪੀ ਵੀ ਬਾਰੇ ਕੀ ਪਤਾ ਹੋਣਾਂ ਚਾਹੀਦਾ ਹੈ*

### ਵਿਡੀਓਜ਼

ਪੈਪ ਸੈਸਟ

ਕੋਲੋਪੋਸਕੋਪੀ

*ਹਰ ਇਕ ਔਰਤ ਨੂ ਇਸ ਬਾਰੇ ਕੀ ਜਾਣਕਾਰੀ ਹੋਣੀ ਚਾਹੀਦੀ ਹੈ*

**ਇਹ ਯਾਦ ਰੱਖੋ ਕਿ ਇਹ ਵਿਡੀਓਜ਼ ਮੈਨੀਟੋਬਾ ਵਿਚ ਹਰ ਇਕ ਲਾਈਬਰੇਰੀ ਵਿੱਚ ਮਿਲਦੇ ਹਨ**

*Punjabi* *08/07*

### ਇਹ ਵੈਕਸੀਨ ਕੀਹਦੇ ਵਾਸਤੇ ਹੈ?

ਇਹ ਵੈਕਸੀਨ ਓਹਨਾਂ ਔਰਤਾ ਲਈ ਹੈ ਜਿਹੜਿਆਂ ਕਿ ਹਾਲੇ ਐਚ ਪੀ ਵੀ ਵਾਇਰਸ ਨਾਲ ਸਬੰਧਤ ਨਹੀ ਹੋਈਆਂ।

ਭਾਵੇ ਆਦਮੀਆਂ ਨੂੰ ਭੀ ਐਚ ਪੀ ਵੀ ਹੋ ਸਕਦੀ ਹੈ ਪਰ ਹਾਲੇ ਇਹ ਪਤਾ ਨਹੀ ਕਿ ਇਹ ਵੈਕਸੀਨ ਉਨਾਂ ਲਈ ਲਾਭਮੰਦ ਹੈ ਕਿ ਨਹੀ। ਇਸ ਵੈਕਸੀਨ ਦਾ ਮਕਸਦ ਔਰਤਾਂ ਦੇ ਸਰੀਵਕਲੇ ਕੈਂਸਰ ਨੂੰ ਘਟਾਉਣ ਦਾ ਹੈ।

### ਕੀ ਇਹ ਵੈਕਸੀਨ ਮੈਨੂੰ ਸਾਰੀ ਕਿਸਮ ਦੀ ਐਚ ਪੀ ਵੀ ਤੋ ਬਚਾ ਸਕਦੀ ਹੈ?

ਨਹੀ। ਇਹ ਸਿਰਫ ਕੁਛ ਇਕ ਕਿਸਮ ਦੀ ਐਚ ਪੀ ਵੀ ਤੋ ਹੀ ਸੁੱਰਖਿਅਤ ਕਰ ਸਕਦੀ ਹੈ।

### ਜੇ ਮੈਨੂੰ ਇਸ ਵੈਕਸੀਨ ਲੈਣ ਤੋ ਪਹਿਲਾਂ ਹੀ ਐਚ ਪੀ ਵੀ ਹੋਵੇ ਤਾਂ?

ਇਹ ਵੈਕਸੀਨ ਤੁਹਾਡੀ ਉਸ ਐਚ ਪੀ ਵੀ ਤੋ ਬਚਾਅ ਨਹੀ ਕਰਦੀ ਜਿਹੜੀ ਕਿ ਤੁਹਾਨੂੰ ਪਹਿਲਾਂ ਹੀ ਹੋ ਚੁੱਕੀ ਹੋਵੇ। ਜਿਹੜੀ ਕਿਸਮ ਦੀ ਐਚ ਪੀ ਵੀ ਤੁਹਾਨੂੰ ਨਾ ਹੋਈ ਹੋਵੇ ਓਸ ਤੋ ਇਹ ਵੈਕਸੀਨ ਤੁਹਾਡੀ ਸੁਰੱਖਿਆ ਕਰੇਗੀ।

### ਮੈ ਇਹ ਵੈਕਸੀਨ ਕਿੱਥੋ ਲੈ ਸਕਦੀ ਹਾਂ?

ਆਪਣੇ ਸਿਹਤਕ ਕਰਮਚਾਰੀ ਤੋ ਪੁੱਛੋ॥

### ਜੇ ਮੇਰੇ ਵੈਕਸੀਨੇਸ਼ਨ ਹੋਇਆ ਹੋਵੇ ਤਾਂ ਕੀ ਮੈਨੂੰ ਫੇਰ ਭੀ ਪੈਪ ਟੈਸਟ ਲਈ ਜਾਣਾ ਚਾਹੀਦਾ ਹੈ?

ਜੀ ਹਾਂ। ਤੁਹਾਨੂੰ ਪੈਪ ਟੈਸਟ ਫੇਰ ਵੀ ਨੇਮ ਨਾਲ ਕਰਾਉਣਾ ਚਾਹੀਦਾ ਹੈ ਕਿਓ ਕਿ:

- ਵੈਕਸੀਨ ਤੁਹਾਨੂੰ ਹਰ ਕਿਸਮ ਦੀ ਐਚ ਪੀ ਵੀ ਤੋ ਸੁੱਰਖਿਅਤ ਨਹੀ ਰਖਦੀ
- ਹੋ ਸਕਦਾ ਹੈ ਕਿ ਤੁਹਾਡੇ ਵੈਕਸੀਨ ਲੈਣ ਤੋ ਪਹਿਲਾ ਹੀ ਤੁਹਾਨੂੰ ਐਚ ਪੀ ਵੀ ਦੀ ਇਨਫੈਕਸ਼ਨ ਲੱਗੀ ਹੌਵੈ।
- ਤੁਹਾਂਨੂੰ ਵੈਕਸੀਨ ਨਾਲ ਪੂਰੀ ਤਰਾਂ ਹਿਫਾਜ਼ਤ ਨ ਮਿਲੀ ਹੋਵੇ।

ਜਿਹੜੀਆਂ ਔਰਤਾਂ ਨੇ ਕਦੀ ਵੀ ਸੰਭੋਗ ਕੀਤਾ ਹੋਵੇ ਓਹਨਾਂ ਨੂੰ ਨੇਮ ਨਾਲ ਪੈਪ ਟੈਸਟ ਕਰਾਉਣ ਦੀ ਲੋੜ ਹੈ।

ਆਮ ਤੌਰ ਤੇ ਔਰਤਾਂ ਨੂੰ ਤਿੰਨ ਸਾਲ ਹਰ ਸਾਲ ਪੈਪ ਟੈਸਟ ਕਰਾਉਣਾ ਪੈਂਦਾ ਹੈ। ਜੇ ਇਹਨਾਂ ਦੇ ਨਤੀਜੇ ਨਾਰਮਲ ਹੋਣ ਤਾਂ ਓਸ ਤੋ ਬਾਦ ਤੁਹਾਨੂੰ ਪੈਪ ਟੈਸਟ ਇੱਕ ਸਾਲ ਛੱਡ ਕੇ ਕਰਾਉਣ ਦੀ ਲੋੜ ਹੈ।

ਅਪਨੈ ਸਿਹਤਕ ਕਰਮਚਾਰੀ ਤੋ ਪੁਛੋ ਕਿ ਤੁਹਾਨੂੰ ਅਗਲਾ ਪੈਪ ਟੈਸਟ ਕਦੋ ਕਰਾਉਣਾ ਚਾਹੀ ਦਾ ਹੈ।

### ਜੇ ਮੈਨੂੰ ਐਚ ਪੀ ਵੀ ਹੋਵੇ ਤਾਂ ਕੀ ਇਸਦਾ ਇਹ ਮਤਲਬ ਹੈ ਕਿ ਮੈਨੂੰ ਕੈਂਸਰ ਹੈ?

ਨਹੀ। ਬਹੁਤ ਵਾਰੀ ਐਚ ਪੀ ਵੀ ਕੈਂਸਰ ਵਿਚ ਨਹੀ ਬਦਲਦੀ। ਕੁਝ ਕਿਸਮ ਦੀ ਐਚ ਪੀ ਵੀ ਸਰਵਿਕਸ ਵਿੱਚ ਤਬਦੀਲੀਆਂ ਪੈਦਾ ਕਰਦੀ ਹੈ ਜੋ ਕਿ ਕੈਂਸਰ ਬਣ ਸਕਦੀਆਂ ਹਨ।

ਤੁਹਾਨੂੰ ਪੈਪ ਟੈਸਟ ਨੇਮ ਨਾਲ ਕਰਾਨਾ ਚਾਹੀਦਾ ਹੈ। ਪੈਪ ਟੈਸਟ ਸਰਵਿਕਸ ਵਿਚ ਆਈਆਂ ਤਬਦੀਲੀਆਂ, ਜਿਹੜੀਆਂ ਕਿ ਐਚ ਪੀ ਵੀ ਕਾਰਨ ਹੁੰਦੀਆਂ ਹਨ, ਨੂੰ ਲੱਭ ਸਕਦਾ ਹੈ।

ਐਚ ਪੀ ਵੀ ਤੁਹਾਡੈ ਸਰੀਰ ਵਿਚ ਹੋਰ ਥਾਵਾਂ ਤੇ ਭੀ ਤਬਦੀਲੀਆਂ ਪੈਂਦਾ ਕਰ ਸਕਦੀ ਹੈ ਜਿਸ ਤਰ੍ਹਾਂ ਕਿ ਟੱਟੀ ਵਾਲੀ ਥਾਂ, ਲਿੰਗ, ਤੇ ਮੂੰਹ ਵਿੱਚ। ਸਰਵਿਕਸ ਦੀ ਤਰਾਂ ਇਹਨਾਂ ਥਾਵਾਂ ਦੀਆਂ ਤਬਦੀਲੀਆਂ ਭੀ ਕੈਂਸਰ ਪੈਦਾ ਕਰ ਸਕਦੀਆਂ ਹਨ।

### ਜੇ ਮੇਰੇ ਪੈਪ ਟੈਸਟ ਵਿਚ ਮੇਰੇ ਸਰਵੀਕਸ ਦੇ ਸੈਲਾਂ ਵਿਚ ਆਸਾਧਾਰਨ ਤਬਦੀਲੀਆਂ ਆਈਆਂ ਹੋਣ ਤਾਂ ਫੇਰ ਕੀ ਹੋਵੇਗਾ?

ਤੁਹਾਨੂੰ ਸ਼ਾਈਦ ਦੁਬਾਰਾ ਪੈਪ ਟੈਸਟ ਕਰਾਉਣਾ ਪਵੇ ਜਾ ਸਪੈਸ਼ਲਿਸਟ ਕੋਲ ਭੇਜਿਆ ਜਾਵੇ। ਸਪੈਸ਼ਲਿਸਟ ਫੈਸਲਾ ਕਰੇਗਾ ਕਿ ਤੁਹਾਨੂੰ ਕਿਸੇ ਕਿਸਮ ਦੇ ਇਲਾਜ ਦੀ ਲੋੜ ਹੈ ਕਿ ਨਹੀ। ਇਹਨਾਂ ਸਰਵਿਕਸ ਦੀਆਂ ਤਬਦੀਲੀਆਂ ਦਾ ਸ਼ੁਰੂ ਵਿਚ ਹੀ ਇਲਾਜ ਕਰਨ ਨਾਲ ਸਰਵਿਕਸ ਦੇ ਕੈਂਸਰ ਤੋ ਬਚਾਉ ਹੋ ਸਕਦਾ ਹੈ। ਅਪਨੇ ਆਸਾਧਰਨ ਨਤੀਜਿਆਂ ਨਾਲ ਸਬੰਧਤ ਤੁਸੀ ਅਪਣੀਆਂ ਸਾਰੀਆਂ ਅਪੁਆਇਟਮੈਂਟਾਂ ਤੇ ਜਾਓ।

# ਐਚ ਪੀ ਵੀ (HPV) ਮਨੁੱਖੀ ਪੈਪੀਲੋਮਾ ਵਾਇਰਸ

## ਹਰ ਇਕ ਔਰਤ ਨੂ ਪਸ਼ਾਬ ਤੇ ਟੱਟੀ ਵਾਲੀ ਥਾਂ ਵਾਲੀ ਐਚ ਪੀ ਵੀ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ

Manitoba Cervical Cancer Screening Program

CancerCare Manitoba
*Action Cancer Manitoba*

Manitoba

*The Manitoba Cervical Cancer Screening Program is a program of Manitoba Health, managed by CancerCare Manitoba*

*All translated materials completed in partnership with Sexuality Education Resource Centre*

### ਐਚ ਪੀ ਵੀ (ਫੜ) ਕੀ ਹੈ?

ਐਚ ਪੀ ਵੀ ਪੈਪਲੋਮਾ ਮੱਨੁਖੀ ਵਾਇਰਸ ਹੈ। ਇਹ 100 ਤੋ ਜਿਆਦਾ ਕਿਸਮ ਦੀ ਵਾਇਰਸ ਹੈ ਜੋ ਕਿ ਇਨਸਾਂਨਾਂ ਨੂੰ ਹੋ ਸਕਦੀ ਹੈ।

### ਇਹਦਾ ਕੀ ਅਸਰ ਹੁੰਦਾਂ ਹੈ?

ਕੁਛ ਕਿਸਮ ਦੀ ਐਚ ਪੀ ਵੀ ਅਕਸਰ ਹਥੱਾ ਪੈਰਾਂ ਤੇ ਭੌਰੀਆਂ ਕਰ ਦਿੰਦੀ ਹੈ। ਕੁਛ ਕਿਸਮ ਦੀ ਐਚ ਪੀ ਵੀ, ਇਸਤਰੀਆਂ ਤੇ ਮਰਦਾਂ ਦੇ ਪਿਸ਼ਾਬ ਤੇ ਟੱਟੀ ਵਾਲੀ ਥਾਂ ਤੇ ਭੌਰੀਆਂ ਕਰ ਦਿੰਦੀ ਹੈ।

ਹੋਰ ਕਿਸਮ ਦੀ ਐਚ ਪੀ ਵੀ ਔਰਤਾਂ ਦੇ ਸਰਵਿਕਸ ਵਿਚ ਤਬਦੀਲੀਆਂ ਲਿਆਉਂਦੀ ਹੈ ਜਿਹੜੀਆਂ ਕਿ ਕੈਂਸਰ ਬਣ ਸਕਦੀਆਂ ਹਨ।

ਜਿਹੜਿਆਂ ਭੌਰੀਆਂ ਤੁਹਾਡੇ ਹੱਥਾ ਪੈਰਾ ਤੇ ਹੁਦੀਆਂ ਹਨ ਓਹ ਤੁਹਾਡੇ ਟੱਟੀ ਪਿਸ਼ਾਬ ਵਾਲੀ ਥਾਂ ਤੇ ਇਕਫੈਕਸ਼ਲ ਨਹੀ ਕਰਦੀਆਂ।

ਜਿਹੜੀਆਂ ਭੌਰੀਆਂ ਟੱਟੀ ਪਿਸ਼ਾਬ ਵਾਲੀ ਥਾਂ ਤੇ ਹੁੰਦੀਆਂ ਹਨ ਓਹ ਤੁਹਾਡੇ ਹੱਥਾ ਪੈਰਾਂ ਤੇ ਇਨਫੈਕਸ਼ਨ ਨਹੀ ਕਰਦੀਆਂ।

### ਐਚ ਪੀ ਵੀ ਕਿੰਨੀ ਪਰਚੱਲਤ ਹੈ?

ਇਹ ਬਹੁਤ ਪਰਚਲਤ ਹੈ। ਘੱਟੋ ਘੱਟ ਸੌ ਵਿਚੋ ਤਿੰਨ ਬੰਦਿਆਂ ਦਾ ਆਪਣੀ ਓਮਰ ਵਿਚ ਐਚ ਪੀ ਵੀ ਨਾਲ ਸਬੰਧ ਹੰਦਾ ਹੈ। ਪਰ ਹਰ ਇਕ ਆਦਮੀ, ਜਿਹੜਾ, ਐਚ ਪੀ ਵੀ ਨਾਲ ਸਬੰਧਤ ਹੁੰਦਾ ਹੈ ਉਹਨੂੰ ਸਰਵਿਕਸ ਤੇ ਜਾਂ ਟੱਟੀ ਪਿਸਾਬ ਵਾਲੀ ਥਾਂ ਤੇ ਭੌਰੀਆਂ ਨਹੀ ਹੁੰਦੀਆਂ ਤੇ ਨਾ ਹੀ ਕੋਈ ਹੋਰ ਤਬਦੀਲੀਆਂ ਆਉਦੀਆਂ ਹਨ।

### ਮੈਨੂੰ ਐਚ ਪੀ ਵੀ ਕਿਸ ਤਰਾਂ ਹੋ ਸਕਦੀ ਹੈ?

ਤੁਹਾਂਨੂੰ ਇਹ ਸਭੋਗ ਦੁਆਰਾ ਹੁੰਦੀ ਹੈ ਜਿਹੜਾ ਕਿ ਯੋਨੀ, ਗੁੱਦੇ ਨਾਲ ਜਾਂ ਓਦਾਂ ਨਿੱਜੀ ਸੰਪ੍ਰੰਕ ਕਰਨ ਨਾਲ ਹੋ ਸਕਦੀ ਹੈ, ਤੁਸੀ ਐਚ ਪੀ ਹੋਰਾਂ ਨੂੰ ਵੀ ਦੇ ਸਕਦੇ ਹੋ ਚਾਹੇ ਤੁਹਾਂਨੂੰ ਪਤਾ ਵੀ ਨਾ ਹੋਵੇ ਕਿ ਤੁਹਾਂਨੂੰ ਇਹ ਵਾਇਰਸ ਹੈ। ਚਾਹੇ ਇਸ ਦੀਆਂ ਕੋਈ ਨਿਸਾਨੀਆਂ ਵੀ ਨਾ ਹੋਣ। (ਜਿਸ ਤਰਾਂ ਕਿ ਭੌਰੀਆਂ, ਧੱਫੜ ਜਾਂ ਸਰਵਿਕਸ ਵਿਚ ਤਬਈਲੀਆਂ)।

### ਜੇ ਮੁੰਡਾ ਮੁੰਡੇ ਨਾਲ ਜਾਂ ਕੁੱੜੀ ਕੁੱੜੀ ਨਾਲ ਸੰਭੋਗ ਕਰੇ ਤਾ ਕੀ ਫੇਰ ਵੀ ਐਚ ਪੀ ਵੀ ਹੋਣ ਦਾ ਡਰ ਹੈ?

ਹਾਂਜੀ - ਐਚ ਪੀ ਵੀ ਇਸ ਤਰ੍ਹਾਂ ਵੀ ਸੰਭੋਰਾਂ ਦੁਆਰਾ ਇੱਕ ਦੂਜੇ ਨੂੰ ਦਿੱਤੀ ਜਾ ਸਕਦੀ ਹੈ।

### ਜੈ ਮੈਨੂੰ ਭਿੰਰੀਆਂ ਪਿਸ਼ਾਬ ਜਾਂ ਟੱਟੀ ਵਾਲੀ ਥਾਂ ਹੋਣ ਤਾਂ ਕੀ ਇਹਦਾ ਮਤਲਬ ਇਹ ਹੈ ਕਿ ਮੈਰੇ ਸੰਭੋਗ ਵਾਲੇ ਅਖੀਰਲੇ ਸਾਥੀ ਨੂੰ ਐਚ ਪੀ ਵੀ ਸੀ?

ਨਹੀਂ, ਜਰੂੱਰੀ ਨਹੀਂ। ਇਹਦਾ ਮਤਲਬ ਇਹ ਹੈ ਕਿ ਤੁਸੀ ਅਪਨੀ ਜ਼ਿੰਦਗੀ ਵਿੱਚ ਕਿਸੇ ਵੇਲੇ ਇਸ ਵਾਇਰਸ ਨਾਲ ਸਬੰਧਤ ਹੋਏ ਸੀ।

### ਕੀ ਮੈਨੂ ਪਤਾ ਲਗ ਸਕਤਾ ਹੈ ਕਿ ਐਚ ਪੀ ਵੀ ਮੈਨੂੰ ਕਿਸ ਤੋ ਮਿੱਲੀ?

ਆਮ ਤੌਰ ਤੇ ਇਹ ਪਤਾ ਲਗਣਾ ਸੰਭਵ ਨਹੀ ਹੁੰਦਾਂ ਕਿ ਇਹ ਇਨਫੈਕਸ਼ਨ ਤੁਹਾਂਨੂੰ ਕਦੋ ਤੇ ਕਿਸ ਕੋਲੋ ਲੱਗੀ।

### ਕੀ ਇਹ ਹੋ ਸਕਦਾ ਹੈ ਕਿ ਮੈਨੂੰ ਐਚ ਪੀ ਵੀ ਹੋਵੇ ਤੇ ਮੈਨੂੰ ਪਤਾ ਵੀ ਨਾ ਹੋਵੇ?

ਹਾਂ ਜੀ। ਇਹ ਹੌ ਸਕਦਾ ਹੈ ਕਿ ਐਚ ਪੀ ਵੀ ਤੁਹਾਡੇ ਜਿਸਮ ਵਿਚ ਕਈ ਸਾਲਾਂ ਤੋ ਹੋਵੇ ਪਰ ਤੁਹਾਂਨੂੰ ਪਤਾ ਵੀ ਨ ਹੋਵੇ। ਤੁਹਾਡੇ ਜਿਸਮ ਤੇ ਭੌਰੀਆਂ ਬਗੈਰਾ ਵਾਇਰਸ ਹੋਣ ਤੋ ਕਈ ਸਾਲਾ ਬਾਦ ਨਿਕਲ ਸਕਦੀਆਂ ਹਨ।

ਸਾਨੂੰ ਇਹ ਪਤਾ ਨਹੀ ਕਿ ਇਹ ਭੌਰੀਆਂ ਤੇ ਸਰਵਿਸਸ ਦੀਆਂ ਤਬਦੀਲੀਆਂ ਕਈ ਲੋਕਾਂ ਨੂੰ ਹੋ ਜਾਂਦੀਆਂ ਹਨ ਤੇ ਹੋਰਨਾਂ ਨੂੰ ਕਿਉ ਨਹੀ ਹੁੰਦੀਆਂ।

### ਮੈਨੂੰ ਕਿਸ ਤਰਾਂ ਪਤਾ ਲੱਗ ਸਕਦਾ ਹੈ ਕਿ ਮੈਨੂੰ ਐਚ ਪੀ ਵੀ ਹੈ?

ਮੈਨੀਟੋਬਾ ਵਿਚ ਇਹ ਟੈਸਟ ਨੇਮ ਨਾਲ ਨਹੀ ਕੀਤਾ ਜਾਂਦਾ। ਐਚ ਪੀ ਵੀ ਦਾ ਟੈਸਟ ਤੁਹਾਂਨੂੰ ਇਹ ਦੱਸ ਸਕਦਾ ਹੈ ਕਿ ਟੈਸਟ ਕਰਨ ਵੇਲੇ ਤੁਹਾਂਨੂੰ ਕਿਸ ਕਿਸਮ ਦੀ ਐਚ ਪੀ ਵੀ ਹੈ। ਇਹ ਤੁਹਾਂਨੂੰ ਇਹ ਨਹੀ ਦਸਦਾ ਕਿ ਪਹਿਲਾਂ ਤੁਹਾਂਨੂੰ ਇਹ ਇਨਫੈਕਸ਼ਨ ਸੀ ਕਿ ਨਹੀ।

ਔਰਤਾਂ ਆਪਣਾ ਪੈਪ ਟੈਸਟ ਕਰਾ ਕੇ ਇਹ ਪਤਾ ਲਗਾ ਸਕਦੀਆਂ ਹਨ ਕਿ ਓਹਨਾ ਦੇ ਸਰਵਿਕਸ ਵਿਚ ਐਚ ਪੀ ਵੀ ਦੁਆਰਾ ਤਬਦੀਲੀਆ ਆਈਆਂ ਹਨ ਕਿ ਨਹੀ।

ਤੁਹਾਡਾ ਡਾਕਟਰ ਜਾਂ ਹੋਰ ਸਿਹਤਕ ਕਰਮਚਾਰੀ ਤੁਹਾਡੀ ਯੋਨੀ ਤੇ ਭੌਰੀਆਂ ਦੇਖਦਾ ਹੈ। ਇਹ ਭੌਰੀਆਂ ਕਦੀ ਫੁੱਲ ਗੋਭੀ ਦੀ ਡੋਡੀ ਤੇ ਕਦੀ ਧੱਫੜ ਵਾਂਗ ਦਿੱਸਦੀ ਹੈ।

**ਜੇ ਔਰਤਾ** ਆਪਣੀ ਯੋਨੀ ਜਾ ਗੁੱਦੇ ਵਿਚ ਕੋਈ ਗਿੱਲਟੀ ਉਭਾਰ ਜਾ ਹੋਰ ਕੋਈ ਵਧਾਉ ਮਹਿਸੂਸ ਕਰਨ ਤਾ ਓਹਨਾਂ ਨੂੰ ਆਪਣੇ ਸਿਹਤਕ ਕਰਮਚਾਰੀ ਨਾਲ ਗੱਲ ਕਰਨੀ ਚਾਹੀਦੀ ਹੈ।

**ਆਦਮੀ** ਜੇ ਅਪਣੇ ਲਿੰਗ ਦੇ ਥੱਲੇ ਜਾਂ ਗੁੱਦੇ ਵਿਚ ਕੋਈ ਗਿੱਲਟੀ, ਉਭਾਰ ਜਾਂ ਕਿਸੇ ਕਿਸਮ ਦੀ ਵਧੀ ਹੋਈ ਚੀਜ ਮਹਿਸੂਸ ਕਰਨ ਤਾਂ ਓਹਨਾਂ ਨੂੰ ਵੀ ਆਪਣੇ ਸਿਹਤਕ ਕਰਮਚਾਰੀ ਨਾਲ ਗੱਲ ਕਰਨੀ ਚਾਹੀਦੀ ਹੈ।

### ਕੀ ਨਿਰੋਧ (ਕੌਡਮਜ਼) ਮੈਨੂੰ ਐਚ ਪੀ ਵੀ ਤੋ ਬਚਾ ਸਕਦੇ ਹਨ?

ਨਿਰੋਧ ਤੁਹਾਂਨੂੰ ਬਹੁਤ ਸਾਰੀਆਂ ਸੰਭੋਗ ਦੁਆਰਾ ਹੋਈਆਂ ਇਨਫੈਕਸ਼ਨਾਂ ਤੋ ਬਚਾ ਸਕਦਾ ਹੈ ਪਰ ਇਹ ਐਚ ਪੀ ਵੀ ਤੋ ਹਮੇਸ਼ਾ ਨਹੀ ਬਚਾ ਸਕਦਾ।

### ਮੈ ਇਸ ਦਾ ਖਤਰਾ ਕਿਸ ਤਰਾਂ ਘਟਾ ਸਕਟੀ ਹਾਂ?

ਸੰਭੋਗ ਬਿਲਕੁਲ ਨ ਕਰਨ ਨਾਲ ਤੁਹਾਡੀ ਪੂਰਨ ਸੁੱਰਖਿਆ ਹੌ ਸਕਦੀ ਹੈ।
ਤੁਸੀ ਆਪਣੈ ਸਿਹਤਕ ਕਰਮਚਾਰੀ ਤੌ ਪੁੱਛੋ ਕਿ ਕੀ ਤੁਹਾਂਨੂੰ ਐਚ ਪੀ ਵੀ ਦੀ ਵੈਕਸੀਨ ਲੈਣੀ ਚਾਹੀਦੀ ਹੈ।

ਤੁਸੀ ਸੰਭੋਗ ਛੋਟੀ ਉਮਰ ਵਿੱਚ ਨਾ ਕਰੋ

ਛੋਟੀ ਉਮਰ ਵਿੱਚ ਸੰਭੋਗ ਕਰਨ ਨਾਲ ਇੱਸਤਰੀ ਦੇ ਸਰਵੀਕਲ ਕੈਂਸਰ ਦੇ ਮੋਕੇ ਵੱਧ ਜਾਂਦੇ ਹਨ।

ਜੇ ਤੁਸੀ ਸਭੋਗ ਕਰੋ ਤਾਂ:

- ਹਮੇਸ਼ਾ ਨਿਰੋਧ ਵਰਤੋ।
- ਆਪਣੀ ਜਿੰਦਗੀ ਵਿਚ ਥੋੜੇ ਬੰਦਿਆਂ ਨਾਲ ਸੰਭੋਗ ਕਰੋ।
- ਆਪਣੇ ਸਰੀਰ ਨੂੰ ਤੰਦਰੁਸਤ ਰੱਖੋ ਤਾਂ ਕਿ ਇਹ ਇਨਫੈਕਸ਼ਨ ਤੋ ਜਿੱਤ ਸਕੇ। ਸਿਹਤਮੰਦ ਖੁਰਾਕ ਖਉ, ਵਰਜਿਸ਼ ਕਰੋ ਤੇ ਪੂਰਾ ਆਰਾਮ ਕਰੋ।
- ਸਿਗਰਟਾਂ ਨਾ ਪੀਓ ਕਿਓਕਿ ਇਹ ਔਰਤ ਦੇ ਸਰਵਿਕਸ ਦੇ ਸੈਲਾਂ ਤੇ ਅਸਰ ਕਰਦੀਆਂ ਹਨ

### ਜੇ ਭੌਰੀਆਂ ਟੱਟੀ ਜਾਂ ਪਿਸ਼ਾਬ ਵਾਲੀ ਥਾਂ ਤੇ ਹੋ ਜਾਣ ਤਾਂ ਉਸ ਦੇ ਕੀ ਇਲਾਜ ਹਨ?

ਦਿਸਣ ਵਾਲੀਆਂ ਭੌਰੀਆਂ ਦਾ ਇਲਾਜ ਹੋ ਸਕਦਾ ਹੈ। ਤੁਹਾਡਾ ਸਿਹਤਕ ਕਰਮਚਾਰੀ ਆਪਣੇ ਦਫਤਰ ਵਿੱਚ ਤੁਹਾਡੀ ਚਮੜੀ ਦਾ ਇਲਾਜ ਕਰ ਸਕਦਾ ਹੈ ਜਾਂ ਓਤੇ ਲਾਓਣ ਲਈ ਦਵਾਈ ਲਿਖ ਕੇ ਦੇਵੇਗਾ।

ਇਨਾਂ ਭੌਰੀਆ ਲਈ ਡਰੱਗ ਸਟੋਰ ਤੋ ਲੈ ਕੇ ਦੁਆਂਈ ਨਾ ਵਰਤੋ। ਇਹ ਦੁਆਈਆਂ ਹੱਥਾ ਤੇ ਪੈਰਾਂ ਦੀਆਂ ਭੋਰੀਆਂ ਲਈ ਹੁੰਦੀਆਂ ਹਨ। ਇਹ ਟੱਟੀ ਪਸ਼ਾਬ ਵਾਲੀ ਥਾਂ ਤੇ ਵਰਤਨ ਨਾਲ ਨੁਕਸਾਨ ਕਰਨਗੀਆਂ।

### ਜੇ ਮੇਰੇ ਭੌਰੀਆਂ ਟੱਟੀ ਜਾਂ ਪਿਸਾਬ ਵਾਲੀ ਥਾਂ ਤੇ ਹੋਣ ਜਾਂਣ ਤਾਂ ਇਸ ਦਾ ਮਤਲਬ ਹੈ ਕਿ ਮੈਨੂੰ ਸਰਵੀਕਲ ਕੈਂਸਰ ਹੋਣ ਦਾ ਜਿਆਦਾ ਖਤਰਾ ਹੈ?

ਹਾਂ ਅਤੇ ਨਹੀ; ਜੇ ਤੁਹਾਡੈ ਭੌਰੀਆਂ ਹੋਣ ਤਾਂ ਤੁਹਾਂਨੂੰ ਘੱਟੋ ਘੱਟ ਇੱਕ ਕਿਸਮ ਦੀ ਐਚ ਪੀ ਵੀ ਹੈ। ਐਚ ਪੀ ਵੀ ਦੀਆਂ ਕਿਸਮਾਂ, ਜਿੰਨਾਂ ਕਰ ਕੇ ਟੱਟੀ ਪਿਸ਼ਾਬ ਵਾਲੀ ਥਾਂ ਤੇ ਭੋਰੀਆਂ ਹੁਟੀਆਂ ਹਨ, ਉਹਨਾਂ ਦਾ ਕੈਂਸਰ ਹੋਣ ਦਾ ਬਹੁਤ ਹੀ ਘੱਟ ਖਤਰਾ ਹੁੰਦਾ ਹੈ। ਪ੍ਰੰਤੂ ਤੁਸੀ ਓਸ ਕਿਸਮ ਦੀ ਐਚ ਪੀ ਵੀ ਨਾਲ ਭੀ ਸਬੰਧਤ ਹੋ ਸਕਦੇ ਹੋ ਜਿਹੜੀ ਕੈਂਸਰ ਬਣ ਸਕਦੀ ਹੋਵੇ।

ਲਗਾਤਾਰ ਪੈਪ ਟੈਸਟ ਕਰਵਾਉਣਾ ਇੱਕ ਬਹੁਤ ਵਧੀਆ ਤਰੀਕਾ ਹੈ ਜਿਸ ਨਾਲ ਸਰਵੀਕਲ ਕੈਂਸਰ ਦਾ ਖਤਰਾ ਘੱਟ ਸਕਦਾ ਹੋ।

### ਕੀ ਐਚ ਪੀ ਵੀ ਨੂੰ ਜੜੋ ਕੱਡਿਆ ਜਾ ਸਕਦਾ ਹੈ?

ਨਹੀਂ। ਇਸ ਵਾਇਰਸ ਦੀ ਪੂਰੀ ਤਰ੍ਹਾਂ ਜੜ ਨਹੀ ਕੱਢੀ ਜਾ ਸਕਦੀ। ਪਰ ਇਹਦੇ ਨਾਲ ਹੋਈਆਂ ਭੌਰੀਆਂ ਯਾ ਹੋਰ ਤਬਦੀ ਲੀਆਂ ਅਪਨੇ ਆਪ ਹੀ ਠੀਕ ਹੋ ਸਕਦੀਆਂ ਹਨ। ਯਾ ਫਿਰ ਉਹਨਾਂ ਦਾ ਇਲਾਜ ਕੀਤਾ ਜਾ ਸਕਦਾ ਹੈ।

### ਕੀ ਐਚ ਪੀ ਵੀ ਲਈ ਕੋਈ ਵੈਕਸੀਨ ਹੈ?

ਜੀ ਹਾਂ ਕਨੇਡੇ ਵਿਚ ਕੁੜ ਕਿਸਮ ਦੀ ਐਚ ਪੀ ਵੀ ਲਈ ਇਕ ਵੈਕਸੀਨ ਮਿਲ ਸਕਦੀ ਹੈ।